ਨਮਾਜ ਏ ਨਬਵੀ

ਸੀਨੇ ਉੱਤੇ ਹੱਥ ਬੰਨ੍ਹਣਾ

1. ਹਜ਼ਰਤ ਵਾਇਲ ਬਿਨ ਹੁਜਰ (ਰਜ਼ੀ.) ਕਹਿੰਦੇ ਹਨ ਕਿ ਮੈਂ ਰਸੂਲੱਲਾਹ ﷺ ਦੇ ਨਾਲ ਨਮਾਜ਼ ਪੜ੍ਹੀ। ਆਪ ﷺ ਨੇ ਆਪਣਾ ਸੱਜਾ ਹੱਥ,ਖੱਬੇ ਹੱਥ ਉੱਤੇ ਰੱਖ ਕੇ ਸੀਨੇ ਉੱਤੇ ਬੰਨ੍ਹੇ।

ਇਬਨੇ-ਖ਼ੁਜ਼ੈਮਾ-1/243,(479) ਇਸਨੂੰ ਇਬਨੇ ਖ਼ੁਜ਼ੈਮਾ ਨੇ ਸਹੀ ਕਿਹਾ ਹੈ

ਨਮਾਜ ਏ ਨਬਵੀ

ਸੀਨੇ ਉੱਤੇ ਹੱਥ ਬੰਨ੍ਹਣਾ

2. ਹਜ਼ਰਤ ਹੁਲਬ ਤਾਈ (ਰਜ਼ੀ.) ਫ਼ਰਮਾਉਂਦੇ ਹਨ ਕਿ ਮੈਂ ਰਸੂਲੱਲਾਹ ﷺ ਨੂੰ ਸੀਨੇ ਉੱਤੇ ਹੱਥ ਰੱਖੇ ਹੋਏ ਦੇਖਿਆ।

(ਮੁਸਨਦ ਅਹਿਮਦ-5/226,22313,ਇਸਨੂੰ ਹਾਫ਼ਿਜ਼ ਅਬਦੁੱਲ ਬੱਰ ਤੇ ਅੱਲਾਮਾ ਅਜ਼ੀਮਾਬਾਦੀ ਨੇ ਸਹੀ ਕਿਹਾ ਹੈ)

ਨਮਾਜ ਏ ਨਬਵੀ

ਸੀਨੇ ਉੱਤੇ ਹੱਥ ਬੰਨ੍ਹਣਾ

3. ਹਜ਼ਰਤ ਵਾਇਲ ਬਿਨ ਹੁਜਰ (ਰਜ਼ੀ.) ਰਸੂਲੱਲਾਹ ﷺ ਦੇ ਨਮਾਜ਼ ਦੇ ਤਰੀਕੇ ਨੂੰ ਬਿਆਨ ਕਰਦੇ ਹੋਏ ਫ਼ਰਮਾਉਂਦੇ ਹਨ ਕਿ ਆਪ ਨੇ ਸੱਜੇ ਹੱਥ ਨੂੰ ਖੱਬੇ ਹੱਥ ਦੀ ਹਥੇਲੀ (ਦੀ ਪਿੱਠ) ਉਸਦੇ ਜੋੜ ਅਤੇ ਕਲਾਈ ਉੱਤੇ ਰੱਖਿਆ। (ਨਿਸਾਈ-889,ਇਸਨੂੰ ਇਬਨੇ ਹਿੱਬਾਨ-485 ਤੇ ਇਬਨੇ ਖ਼ੁਜ਼ੈਮਾ-480 ਨੇ ਸਹੀ ਕਿਹਾ ਹੈ)

ਨਮਾਜ ਏ ਨਬਵੀ

ਸੀਨੇ ਉੱਤੇ ਹੱਥ ਬੰਨ੍ਹਣਾ

4. ਹਜ਼ਰਤ ਸਹਲ ਬਿਨ ਸਾਅਦ (ਰਜ਼ੀ.) ਤੋਂ ਰਵਾਇਤ ਹੈ ਕਿ ਲੋਕਾਂ ਨੂੰ ਇਹ ਆਦੇਸ਼ ਦਿੱਤਾ ਜਾਂਦਾ ਸੀ: "ਨਮਾਜ਼ ਵਿੱਚ ਸੱਜਾ ਹੱਥ ਖੱਬੇ ਹੱਥ ਦੀ ਕਲਾਈ (ਗੁੱਟ) ਉੱਤੇ ਰੱਖੋ।"

(ਬੁਖ਼ਾਰੀ-740)

ਸਾਨੂੰ ਵੀ ਸੱਜਾ ਹੱਥ,ਖੱਬੇ ਹੱਥ ਉੱਤੇ ਇੰਝ ਰੱਖਣਾ ਚਾਹੀਦਾ ਹੈ ਕਿ ਸੱਜੇ ਹੱਥ ਨੂੰ ਖੱਬੇ ਹੱਥ ਦੀ ਹਥੇਲੀ ਦੀ ਪਿੱਠ,ਜੋੜ ਅਤੇ ਕਲਾਈ ਉੱਤੇ ਆ ਜਾਵੇ ਅਤੇ ਦੋਵਾਂ ਨੂੰ ਸੀਨੇ ਤੇ ਰੱਖਿਆ ਜਾਵੇ ਤਾਂ ਜੋ ਸਾਰੀਆਂ ਰਵਾਇਤਾਂ ਤੇ ਅਮਲ ਹੋ ਸਕੇ।

ਨਮਾਜ ਏ ਨਬਵੀ

ਸੂਰਤ ਫ਼ਾਤਿਹਾ

1. ਹਜ਼ਰਤ ਉਬਾਦਾ ਬਿਨ ਸਾਮਿਤ (ਰਜ਼ੀ.) ਤੋਂ ਰਵਾਇਤ ਹੈ ਕਿ ਰਸੂਲੱਲਾਹ ਨੇ ਫ਼ਰਮਾਇਆ "ਜਿਸ ਵਿਅਕਤੀ ਨੇ (ਨਮਾਜ਼ ਵਿੱਚ) ਸੂਰਤ ਫ਼ਾਤਿਹਾ ਨਹੀਂ ਪੜ੍ਹੀ ਉਸਦੀ ਨਮਾਜ਼ ਨਹੀਂ ਹੋਈ

(ਬੁਖ਼ਾਰੀ-756 ਅਤੇ ਮੁਸਲਿਮ-394)

ਇਮਾਮ ਬੁਖ਼ਾਰੀ (ਰਹਿ.) ਇਸ ਹਦੀਸ ਨੂੰ ਇੰਝ ਦੱਸਦੇ ਹਨ:'ਨਮਾਜ਼ ਵਿੱਚ ਸੂਰਤ ਫ਼ਾਤਿਹਾ ਪੜ੍ਹਨਾ ਹਰ ਨਮਾਜ਼ੀ 'ਤੇ ਵਾਜਿਬ ਹੈ ਭਾਵੇਂ ਇਮਾਮ ਹੋਵੇ ਜਾਂ ਮੁਕਤਦੀ, ਮੁਕੀਮ (ਸਥਾਨਿਕ) ਹੋਵੇ ਜਾਂ ਮੁਸਾਫ਼ਿਰ,ਨਮਾਜ਼ ਸਿੱਰੀ (ਬਿਨਾਂ ਅਵਾਜ਼ ਤੋਂ) ਹੋਵੇ ਜਾਂ ਜਹਰੀ (ਅਵਾਜ਼ ਵਾਲੀ)। ''

ਨਮਾਜ ਏ ਨਬਵੀ

ਸੂਰਤ ਫ਼ਾਤਿਹਾ

2. ਹਜ਼ਰਤ ਉਬਾਦਾ ਬਿਨ ਸਾਮਿਤ (ਰਜ਼ੀ) ਰਵਾਇਤ ਕਰਦੇ ਹਨ ਕਿ ਅਸੀਂ ਫ਼ਜਰ ਦੀ ਨਮਾਜ਼ ਵਿੱਚ ਰਸੂਲੱਲਾਹ ﷺ ਦੇ ਪਿੱਛੇ ਸੀ,ਆਪ ﷺ ਨੇ ਕੁਰਆਨ ਪੜ੍ਹਿਆ ਆਪ ਨੂੰ ਭਾਰੀ ਮਹਿਸੂਸ ਹੋਇਆ,ਜਦੋਂ ਨਮਾਜ਼ ਤੋਂ ਵਿਹਲੇ ਹੋਏ ਤਾਂ ਫ਼ਰਮਾਇਆ: ਸ਼ਾਇਦ ਤੁਸੀਂ ਆਪਣੇ ਇਮਾਮ ਦੇ ਪਿੱਛੇ ਪੜ੍ਹਿਆ ਕਰਦੇ ਹੋ? " ਅਸੀਂ ਕਿਹਾ ਹਾਂ,ਹੇ ਅੱਲਾਹ ਦੇ ਰਸੂਲ। ਤਦ ਆਪ ﷺ ਨੇ ਫ਼ਰਮਾਇਆ:"ਸੂਰਤ ਫ਼ਾਤਿਹਾ ਤੋਂ ਬਿਨਾਂ ਕੁੱਝ ਹੋਰ ਨਾ ਪੜ੍ਹਿਆ ਕਰੋ ਕਿਉਂਕਿ ਉਸ ਵਿਅਕਤੀ ਦੀ ਨਮਾਜ਼ ਹੀ ਨਹੀਂ ਹੁੰਦੀ ਜਿਹੜਾ ਸੁਰਤ ਫ਼ਾਤਿਹਾ ਨਹੀਂ ਪੜ੍ਹਦਾ।

(ਅਬੂ ਦਾਊਦ-823 ਅਤੇ ਤਿਰਮਿਜ਼ੀ-311,ਇਸਨੂੰ ਇਬਨੇ ਖੁਜੈਮਾਂ -1581,ਇਬਨੇ ਹਿੱਬਾਨ 460,461 ਅਤੇ ਬੈਹਕੀ ਨੇ ਸਹੀ ਕਿਹਾ ਜਦੋਂ ਕਿ ਇਮਾਮ ਤਿਰਮਿਜ਼ੀ ਅਤੇ ਦਾਰ ਕੁਤਨੀ ਨੇ ਹਸਨ ਕਿਹਾ ਹੈ)

ਨਮਾਜ ਏ ਨਬਵੀ

ਸੂਰਤ ਫ਼ਾਤਿਹਾ

3. ਹਜ਼ਰਤ ਅਬੂ ਹੁਰੈਰਾ (ਰਜ਼ੀ.) ਬਿਆਨ ਕਰਦੇ ਹਨ ਕਿ ਰਸੂਲ ਅੱਲਾਹ ﷺ ਨੇ ਫ਼ਰਮਾਇਆ: "ਜਿਸ ਵਿਅਕਤੀ ਨੇ ਨਮਾਜ਼ ਪੜ੍ਹੀ ਅਤੇ ਉਸ ਵਿੱਚ ਸੂਰਤ ਫ਼ਾਤਿਹਾ ਨਾ ਪੜ੍ਹੀ ਤਾਂ ਉਹ (ਨਮਾਜ਼) ਅਧੂਰੀ ਹੈ,ਅਧੂਰੀ ਹੈ,ਪੂਰੀ ਨਹੀਂ।" ਹਜ਼ਰਤ ਅਬੂ ਹੁਰੈਰਾ (ਰਜ਼ੀ.) ਤੋਂ ਪੁੱਛਿਆ ਗਿਆ ਅਸੀਂ ਇਮਾਮ ਦੇ ਪਿੱਛੇ ਹੁੰਦੇ ਹਾਂ (ਫਿਰ ਵੀ ਪੜ੍ਹੀਏ?) ਤਾਂ ਹਜ਼ਰਤ ਅਬੂ ਹੁਰੈਰਾ (ਰਜ਼ੀ.) ਨੇ ਕਿਹਾ (ਹਾਂ) ਤਾਂ ਕੇਵਲ ਸੂਰਤ ਫਾਤਿਹਾ ਦਿਲ ਵਿੱਚ ਪੜ੍ਹੋ।

(ਮੁਸਲਿਮ-395)

ਨਮਾਜ ਏ ਨਬਵੀ

ਸੂਰਤ ਫ਼ਾਤਿਹਾ

4. ਹਜ਼ਰਤ ਅਨਸ (ਰਜ਼ੀ.) ਫ਼ਰਮਾਉਂਦੇ ਹਨ ਕਿ ਰਸੂਲੱਲਾਹ ﷺ ਨੇ ਆਪਣੇ ਸਹਾਬਾ (ਰਜ਼ੀ.) ਨੂੰ ਨਮਾਜ਼ ਪੜ੍ਹਾਈ,ਨਮਾਜ਼ ਪੂਰੀ ਹੋਣ ਤੋਂ ਬਾਦ ਪੁੱਛਿਆ "ਕੀ ਤੁਸੀਂ ਆਪਣੀ ਨਮਾਜ਼ ਵਿੱਚ ਇਮਾਮ ਦੇ ਕਿਰਅਤ ਕਰਦੇ ਹੋਏ ਵੀ ਪੜ੍ਹਦੇ ਹੋ?" ਸਾਰੇ ਸਹਾਬਾ ਚੁੱਪ ਹੋ ਗਏ।ਆਪ ﷺ ਨੇ ਤਿੰਨ ਵਾਰ ਇਹੋ ਪੁੱਛਿਆ ਤਾਂ ਸਹਾਬਾ ਨੇ ਜਵਾਬ ਦਿੱਤਾ ਹਾਂ! ਅਸੀਂ ਇੰਝ ਹੀ ਕਰਦੇ ਹਾਂ। ਆਪ ﷺ ਨੇ ਫ਼ਰਮਾਇਆ:
" ਇੰਝ ਨਾ ਕਰੋ ਤੁਸੀਂ ਕੇਵਲ ਸੂਰਤ ਫ਼ਾਤਿਹਾ ਹੀ ਦਿਲ ਵਿੱਚ ਪੜ੍ਹ ਲਿਆ ਕਰੋ।"

(ਇਬਨੇ ਹਿੱਬਾਨ-5/152, 162 ਅਤੇ ਬੈਹਕੀ-2/166, ਇਸਦੀ ਸਿਹਤ ਦੇ ਬਾਰੇ ਵਿੱਚ ਮਜਮ-ਉੱਜ਼ਵਾਇਦ ਵਿੱਚ ਇਮਾਮ ਹੈਸ਼ਮੀ ਫ਼ਰਮਾਉਂਦੇ ਹਨ:ਇਸਦੇ ਸਭ ਰਾਵੀ ਵਿਸ਼ਵਾਸਪਾਤਰ ਹਨ।ਇਸਨੂੰ ਇਬਨੇ ਹਜਰ ਨੇ ਹਸਨ ਕਿਹਾ ਹੈ)

ਨਮਾਜ ਏ ਨਬਵੀ

ਆਮੀਨ ਕਹਿਣਾ

1. ਹਜ਼ਰਤ ਵਾਇਲ ਬਿਨ ਹੁਜਰ (ਰਜ਼ੀ.) ਰਵਾਇਤ ਕਰਦੇ ਹਨ ਕਿ ਰਸੁਲੱਲਾਹ ﷺ ਨੇ: (ਗ਼ੈਰਿਲ ਮਗ਼ਜ਼ੂਬੀ ਅਲੈਹਿਮ ਵਲੱਜ਼ਾਲੀਨ) ਪੜ੍ਹਿਆ ਫਿਰ ਆਪ ਨੇ ਉੱਚੀ ਅਵਾਜ਼ ਵਿੱਚ ਆਮੀਨ ਕਹੀ।

(ਤਿਰਮਿਜ਼ੀ-648,ਅਬੂ ਦਾਊਦ-932,ਇਸਨੂੰ ਤਿਰਮਿਜ਼ੀ ਨੇ ਹਸਨ ਜਦੋਂ ਕਿ ਇਬਨੇ ਹਜਰ 'ਤੇ ਇਮਾਮ ਦਾਰ ਕੁਤਨੀ ਨੇ ਸਹੀ ਕਿਹਾ ਹੈ)

ਨਮਾਜ ਏ ਨਬਵੀ

ਆਮੀਨ ਕਹਿਣਾ

2. ਹਜ਼ਰਤ ਅਬੂ ਹੁਰੈਰਹ (ਰਜ਼ੀ) ਕਹਿੰਦੇ ਹਨ ਕਿ ਜਦੋਂ ਰਸੂਲੱਲਾਹ ﷺ (ਗ਼ੈਰਿਲ ਮਗ਼ਜ਼ੂਬ ਅਲੈਹਿਮ ਵਲੱਜ਼ਾਲੀਨ) ਪੜ੍ਹਦੇ ਤਾਂ ਆਪ ਕਹਿੰਦੇ ਆਮੀਨ।

(ਇੰਨੀ ਉੱਚੀ ਅਵਾਜ਼ ਨਾਲ) ਕਿ ਪਹਿਲੀ ਸਤਰ ਵਿੱਚ ਆਪ ਦੇ ਆਲ਼ੇ-ਦੁਆਲ਼ੇ ਦੇ ਲੋਕ ਸੁਣ ਲੈਂਦੇ ਸਨ।

(ਬੈਹਕੀ-2/158,ਇਬਨੇ ਖੁਜ਼ੇਮਾ-571 ਇਬਨੇ ਹਿੱਬਾਨ -462, ਇਸਨੂੰ ਇਮਾਮ ਹਾਕਿਮ ਅਤੇ ਜ਼ਹਬੀ ਨੇ ਸਹੀ ਕਿਹਾ ਹੈ)

ਨਮਾਜ ਏ ਨਬਵੀ

ਆਮੀਨ ਕਹਿਣਾ

3. ਹਜ਼ਰਤ ਅਬੂ ਹੁਰੈਰਾ (ਰਜ਼ੀ.) ਫ਼ਰਮਾਉਂਦੇ ਹਨ ਕਿ ਰਸੂਲੱਲਾਹ ﷺ ਨੇ ਫ਼ਰਮਾਇਆ: "ਜਦੋਂ ਇਮਾਮ ਆਮੀਨ ਕਹੇ ਤਾਂ ਤੁਸੀਂ ਵੀ ਆਮੀਨ ਕਹੋ।ਜਿਸ ਵਿਅਕਤੀ ਦੀ ਆਮੀਨ ਫ਼ਰਿਸ਼ਤਿਆਂ ਦੀ ਆਮੀਨ ਨਾਲ ਮਿਲ ਗਈ ਤਾਂ ਉਸਦੇ ਪਹਿਲੇ ਸਾਰੇ ਗੁਨਾਹ ਮੁਆਫ਼ ਕਰ ਦਿੱਤੇ ਜਾਂਦੇ ਹਨ।

(ਬੁਖ਼ਾਰੀ 780,ਮੁਸਲਿਮ-410)

ਨਮਾਜ ਏ ਨਬਵੀ

ਆਮੀਨ ਕਹਿਣਾ

ਇਮਾਮ ਇਬਨੇ ਖ਼ੁਜ਼ੈਮਾ ਇੱਕ ਹਦੀਸ ਦੀ ਵਿਆਖਿਆ ਵਿੱਚ ਕਹਿੰਦੇ ਹਨ:ਇਸ ਹਦੀਸ ਤੋਂ ਸਾਬਤ ਹੁੰਦਾ ਹੈ ਕਿ ਇਮਾਮ ਉੱਚੀ ਅਵਾਜ਼ ਵਿੱਚ ਆਮੀਨ ਕਹੇ ਕਿਉਂਕਿ ਨਬੀ ﷺ ਨੇ ਮੁਕਤਦੀ ਨੂੰ ਇਮਾਮ ਦੀ ਆਮੀਨ ਦੇ ਨਾਲ ਆਮੀਨ ਕਹਿਣ ਦਾ ਆਦੇਸ਼ ਦਿੱਤਾ ਹੈ ਇਹ ਇਸੇ ਹਾਲਤ ਵਿੱਚ ਦੇ ਸਕਦੇ ਹਨ ਜਦੋਂ ਮੁਕਤਦੀ ਨੂੰ ਪਤਾ ਹੋਵੇ ਕਿ ਇਮਾਮ ਆਮੀਨ ਕਹਿ ਰਿਹਾ ਹੈ। ਕੋਈ ਵਿਦਵਾਨ ਕਲਪਨਾ ਨਹੀਂ ਕਰ ਸਕਦਾ ਕਿ ਰਸੂਲੱਲਾਹ ﷺ ਮੁਕਤਦੀ ਨੂੰ ਇਮਾਮ ਦੀ ਆਮੀਨ ਦੇ ਨਾਲ ਆਮੀਨ ਕਹਿਣ ਦਾ ਆਦੇਸ਼ ਦੇਣ ਜਦੋਂ ਕਿ ਉਹ ਆਪਣੇ ਇਮਾਮ ਦੀ ਆਮੀਨ ਨੂੰ ਸੁਣ ਹੀ ਨਾ ਸਕੇ।

(ਸਹੀ ਇਬਨੇ ਖ਼ੁਜ਼ੈਮਾ-1/276)

ਨਮਾਜ ਏ ਨਬਵੀ

ਆਮੀਨ ਕਹਿਣਾ

4. ਹਜ਼ਰਤ ਅਬਦੁੱਲਾਹ ਬਿਨ ਜ਼ੁਬੈਰ (ਰਜ਼ੀ.) ਅਤੇ ਉਹਨਾਂ ਦੇ ਮੁਕਤਦੀ ਇੰਨੀ ਉੱਚੀ ਅਵਾਜ਼ ਨਾਲ ਆਮੀਨ ਕਹਿੰਦੇ ਕਿ ਮਸਜਿਦ ਗੂੰਜ ਉੱਠਦੀ ਸੀ।

(ਬੁਖ਼ਾਰੀ-2/96,ਇਸਨੂੰ ਇਮਾਮ ਬੁਖ਼ਾਰੀ ਰਹਿ: ਜਜ਼ਮ ਦੇ ਵਾਕਾਂ ਦੇ ਨਾਲ ਜ਼ਿਕਰ ਕੀਤਾ ਹੈ ਜੋ ਇਸਦੇ ਸਹੀ ਹੋਣ ਦੀ ਦਲੀਲ ਹੈ।

ਹਜ਼ਰਤ ਇਕਰਿਮਾ (ਰਜ਼ੀ.) ਫ਼ਰਮਾਉਂਦੇ ਹਨ: “ਮੈਂ ਦੇਖਿਆ ਇਮਾਮ ਜਦੋਂ (ਗ਼ੈਰਿਲ ਮਗ਼ਜ਼ੂਬੀ ਅਲੈਹਿਮ ਵਲੱਜ਼ਾਲੀਨ) ਕਹਿੰਦਾ ਤਾਂ ਲੋਕਾਂ ਦੇ ਆਮੀਨ ਦੇ ਕਾਰਨ ਮਸਜਿਦ ਗੂੰਜ ਉੱਠਦੀ।

(ਮੁਸਨਫ਼ ਇਬਨੇ ਅਬੀ ਸ਼ੈਬਾ-2/187)

ਨਮਾਜ ਏ ਨਬਵੀ

ਆਮੀਨ ਕਹਿਣਾ

5. ਅਤਾ ਬਿਨ ਅਬੀ ਰਬਾਹ (ਰਹਿ.) ਫ਼ਰਮਾਉਂਦੇ ਹਨ:“ਮੈਂ ਦੋ ਸੌ (200) ਸਹਾਬਾ ਕਿਰਾਮ (ਰਜ਼ੀ.) ਨੂੰ ਦੇਖਿਆ ਕਿ “ ਬੇਤੁੱਲਾਹ” ਵਿੱਚ ਜਦੋਂ ਇਮਾਮ (ਗ਼ੈਰਿਲ ਮਗ਼ਜ਼ੂਬੀ ਅਲੈਹਿਮ ਵਲੱਜ਼ਾਲੀਨ) ਕਹਿੰਦਾ ਤਾਂ ਸਾਰੇ ਉੱਚੀ ਅਵਾਜ਼ ਵਿੱਚ ਆਮੀਨ ਕਹਿੰਦੇ।

(ਬੈਹਕੀ-2/59, ਇਹ ਇਮਾਮ ਇਬਨੇ ਹਿੱਬਾਨ ਦੀ ਸ਼ਰਤ ਤੇ ਸਹੀ ਹੈ)

ਨਮਾਜ ਏ ਨਬਵੀ

ਆਮੀਨ ਕਹਿਣਾ

6. ਰਸੂਲੱਲਾਹ ﷺ ਨੇ ਫ਼ਰਮਾਇਆ:"ਯਹੂਦੀ ਸਲਾਮ ਕਰਨ ਅਤੇ ਆਮੀਨ ਕਹਿਣ ਤੋਂ ਜਿੰਨਾ ਚਿੜਦੇ ਹਨ ਇੰਨਾ ਕਿਸੇ ਹੋਰ ਚੀਜ਼ ਤੋਂ ਨਹੀਂ ਚਿੜਦੇ ਹਨ।

(ਇਬਨੇ-ਮਾਜਾ-856,ਇਸਨੂੰ ਇਮਾਮ ਖੁਜੈਮਾ -1/288 ਹਦੀਸ-574,3/38, ਹਦੀਸ-585 ਅਤੇ ਬੂਸ਼ੇਰੀ ਨੇ ਸਹੀ ਕਿਹਾ ਹੈ)

ਹਾਫ਼ਿਜ਼ ਇਬਨੇ ਅਬਦੁੱਲ ਬਰ (ਰਹਿ.) ਨੇ ਜ਼ਿਕਰ ਕੀਤਾ ਕਿ ਇਮਾਮ ਅਹਿਮਦ ਇਬਨੇ ਹੰਬਲ (ਰਹਿ.) ਉਸ ਵਿਅਕਤੀ ਨਾਲ ਬਹੁਤ ਨਾਰਾਜ਼ ਹੁੰਦੇ ਜਿਹੜਾ ਉੱਚੀ ਅਵਾਜ਼ ਵਿੱਚ ਆਮੀਨ ਕਹਿਣ ਨੂੰ ਮਕਰੂਹ ਸਮਝਦਾ ਕਿਉਂਕਿ ਯਹੂਦੀ ਆਮੀਨ ਤੋਂ ਚਿੜਦੇ ਹਨ।

ਨਮਾਜ ਏ ਨਬਵੀ

ਆਮੀਨ ਕਹਿਣਾ

6. ਰਸੂਲੱਲਾਹ ﷺ ਨੇ ਫ਼ਰਮਾਇਆ:"ਯਹੂਦੀ ਸਲਾਮ ਕਰਨ ਅਤੇ ਆਮੀਨ ਕਹਿਣ ਤੋਂ ਜਿੰਨਾ ਚਿੜਦੇ ਹਨ ਇੰਨਾ ਕਿਸੇ ਹੋਰ ਚੀਜ਼ ਤੋਂ ਨਹੀਂ ਚਿੜਦੇ ਹਨ।

(ਇਬਨੇ-ਮਾਜਾ-856,ਇਸਨੂੰ ਇਮਾਮ ਖੁਜੈਮਾ -1/288 ਹਦੀਸ-574,3/38, ਹਦੀਸ-585 ਅਤੇ ਬੂਸ਼ੇਰੀ ਨੇ ਸਹੀ ਕਿਹਾ ਹੈ)

ਨਮਾਜ ਏ ਨਬਵੀ

ਰਫ਼ਆ-ਯਦੈਨ

1. ਹਜ਼ਰਤ ਅਬਦੁੱਲਾਹ ਬਿਨ ਜ਼ੁਬੈਰ (ਰਜ਼ੀ.) ਫ਼ਰਮਾਉਂਦੇ ਹਨ:"ਮੈਂ ਅਬੂ ਬਕਰ ਸਿੱਦੀਕ (ਰਜ਼ੀ.) ਦੇ ਪਿੱਛੇ ਨਮਾਜ਼ ਪੜ੍ਹੀ ਉਹ ਨਮਾਜ਼ ਦੇ ਸ਼ੁਰੂ ਵਿੱਚ ਅਤੇ ਰੁਕੂਅ ਤੋਂ ਪਹਿਲਾਂ ਅਤੇ ਜਦੋਂ ਰੁਕੂਅ 'ਚੋਂ ਸਿਰ ਚੁੱਕਦੇ ਤਾਂ ਆਪਣੇ ਦੋਵੇਂ ਹੱਥ (ਮੋਢਿਆਂ ਤੱਕ) ਚੁੱਕਦੇ ਸੀ ਅਤੇ ਕਹਿੰਦੇ ਕਿ ਰਸੂਲੱਲਾਹ ﷺ ਵੀ ਨਮਾਜ਼ ਦੇ ਸ਼ੁਰੂ,ਰੁਕੂਅ ਤੋਂ ਪਹਿਲਾਂ ਅਤੇ ਰੁਕੂਅ 'ਚੋਂ ਸਿਰ ਚੁੱਕਣ ਤੋਂ ਬਾਦ (ਇਸੇ ਤਰ੍ਹਾਂ) ਰਫ਼ਆ-ਯਦੈਨ ਕਰਦੇ ਸੀ।

(ਬੈਹਕੀ-2/73)

ਨਮਾਜ ਏ ਨਬਵੀ

ਰਫ਼ਆ-ਯਦੈਨ

2. ਹਜ਼ਰਤ ਉਮਰ ਫ਼ਾਰੂਕ (ਰਜ਼ੀ.) ਨੇ ਇੱਕ ਵਾਰ ਲੋਕਾਂ ਨੂੰ ਨਮਾਜ਼ ਦਾ ਤਰੀਕਾ ਦੱਸਣ ਦਾ ਇਰਾਦਾ ਕੀਤਾ ਤਾਂ ਕਿਬਲੇ ਵੱਲ ਮੂੰਹ ਕਰਕੇ ਖੜ੍ਹੇ ਹੋ ਗਏ ਅਤੇ ਦੋਵਾਂ ਹੱਥਾਂ ਨੂੰ ਮੋਢਿਆਂ ਤੱਕ ਚੁੱਕਿਆ,ਫਿਰ ਅੱਲਾਹੂ ਅਕਬਰ ਕਿਹਾ,ਫੇਰ ਰੁਕੂਅ ਕੀਤਾ ਅਤੇ ਉਸੇ ਤਰ੍ਹਾਂ (ਹੱਥਾਂ ਨੂੰ ਉੱਚਾ) ਕੀਤਾ ਅਤੇ ਰੁਕੂਅ 'ਚੋਂ ਸਿਰ ਚੁੱਕ ਕੇ ਵੀ ਰਫ਼ਆ-ਯਦੈਨ ਕੀਤਾ।

(ਬੈਹਕੀ-1/415,416)

ਨਮਾਜ ਏ ਨਬਵੀ

ਰਫ਼ਆ-ਯਦੈਨ

3. ਹਜ਼ਰਤ ਅਲੀ (ਰਜ਼ੀ.) ਫ਼ਰਮਾਉਂਦੇ ਹਨ: ਕਿ ਰਸੂਲੱਲਾਹ ﷺ ਨਮਾਜ਼ ਦੇ ਸ਼ੁਰੂ ਵਿੱਚ ਰੁਕੂਅ ਵਿੱਚ ਜਾਣ ਤੋਂ ਪਹਿਲਾਂ ਅਤੇ ਰੁਕੂਅ 'ਚੋਂ ਸਿਰ ਚੁੱਕਣ ਤੋਂ ਬਾਦ ਅਤੇ ਦੋ ਰੁਕਾਅਤਾਂ ਪੜ੍ਹਕੇ ਖੜ੍ਹੇ ਹੁੰਦੇ ਸਮੇਂ ਰਫ਼ਆ-ਯਦੈਨ ਕਰਦੇ ਸੀ। (ਅਬੂ ਦਾਊਦ-744,ਇਬਨੇ ਮਾਜਾ-864,ਇਸਨੂੰ ਤਿਰਮਿਜ਼ੀ-3423 ਨੇ ਹਸਨ ਸਹੀ ਕਿਹਾ ਹੈ)

ਨਮਾਜ ਏ ਨਬਵੀ

ਰਫ਼ਆ-ਯਦੈਨ

4. ਹਜ਼ਰਤ ਅਲੀ (ਰਜ਼ੀ.) ਫ਼ਰਮਾਉਂਦੇ ਹਨ: ਕਿ ਰਸੂਲੱਲਾਹ ﷺ ਨਮਾਜ਼ ਦੇ ਸ਼ੁਰੂ ਵਿੱਚ ਰੁਕੂਅ ਵਿੱਚ ਜਾਣ ਤੋਂ ਪਹਿਲਾਂ ਅਤੇ ਰੁਕੂਅ 'ਚੋਂ ਸਿਰ ਚੁੱਕਣ ਤੋਂ ਬਾਦ ਅਤੇ ਦੋ ਰੁਕਾਅਤਾਂ ਪੜ੍ਹਕੇ ਖੜ੍ਹੇ ਹੁੰਦੇ ਸਮੇਂ ਰਫ਼ਆ-ਯਦੈਨ ਕਰਦੇ ਸੀ। (ਅਬੂ ਦਾਊਦ-744,ਇਬਨੇ ਮਾਜਾ-864,ਇਸਨੂੰ ਤਿਰਮਿਜ਼ੀ-3423 ਨੇ ਹਸਨ ਸਹੀ ਕਿਹਾ ਹੈ)

ਨਮਾਜ ਏ ਨਬਵੀ

ਰਫ਼ਆ-ਯਦੈਨ

4. ਹਜ਼ਰਤ ਅਬਦੁੱਲਾਹ ਬਿਨ ਉਮਰ (ਰਜ਼ੀ.) ਫ਼ਰਮਾਉਂਦੇ ਹਨ:
ਰਸੂਲੱਲਾਹ ﷺ ਨਮਾਜ਼ ਦੇ ਸ਼ੁਰੂ ਵਿੱਚ,ਰੁਕੂਅ ਤੋਂ ਪਹਿਲਾਂ ਅਤੇ ਰੁਕੂਅ ਤੋਂ
ਬਾਦ ਆਪਣੇ ਦੋਵਾਂ ਹੱਥਾਂ ਨੂੰ ਮੋਢਿਆਂ ਤੱਕ ਚੁੱਕਿਆ ਕਰਦੇ ਸੀ ਅਤੇ ਸਿਜਦੇ
ਵਿੱਚ ਇੰਝ ਨਹੀਂ ਕਰਦੇ ਸੀ।
(ਬੁਖ਼ਾਰੀ-735 ਅਤੇ ਮੁਸਲਿਮ-390)

ਨਮਾਜ ਏ ਨਬਵੀ

ਰਫ਼ਆ-ਯਦੈਨ

5. ਅਬਦੁੱਲਾਹ ਬਿਨ ਉਮਰ ਰਜ਼ੀ:(ਖੁਦ ਵੀ) ਨਮਾਜ਼ ਦੇ ਸ਼ੁਰੂ ਵਿੱਚ ਰੁਕੂਅ ਤੋਂ ਪਹਿਲਾਂ,ਰੁਕੂਅ
ਤੋਂ ਬਾਦ ਅਤੇ ਦੋ ਰੁਕਾਅਤਾਂ ਪੜ੍ਹਕੇ ਖੜ੍ਹੇ ਹੁੰਦੇ ਸਮੇਂ ਰਫ਼ਆ-ਯਦੈਨ ਕਰਦੇ ਅਤੇ ਫ਼ਰਮਾਉਂਦੇ
ਕਿ ਰਸੂਲੱਲਾਹ ﷺ ਵੀ ਇਸੇ ਤਰ੍ਹਾਂ ਕਰਦੇ ਸੀ। (ਬੁਖ਼ਾਰੀ-739 ਅਤੇ ਮੁਸਲਿਮ-390)
ਇਮਾਮ ਬੁਖ਼ਾਰੀ (ਰਹਿ.) ਦੇ ਉਸਤਾਦ, ਅਲੀ ਬਿਨ ਮਦੀਨੀ (ਰਹਿ.) ਫ਼ਰਮਾਉਂਦੇ ਹਨ
ਕਿ ਹਜ਼ਰਤ ਇਬਨੇ ਉਮਰ (ਰਜ਼ੀ.) ਦੀ ਹਦੀਸ ਦੇ ਆਧਾਰਿਤ ਮੁਸਲਮਾਨਾਂ ਲਈ
ਰਫ਼ਆ-ਯਦੈਨ ਕਰਨਾ ਜ਼ਰੂਰੀ ਹੈ।(ਅਤ ਤਲਖੀਸੁਲ ਹਬੀਰ-1/218)

ਨਮਾਜ ਏ ਨਬਵੀ

ਰਫ਼ਆ-ਯਦੈਨ

6. ਹਜ਼ਰਤ ਮਾਲਿਕ ਬਿਨ ਹੁਵੇਰਿਸ (ਰਜ਼ੀ.) ਨਮਾਜ਼ ਦੇ ਸ਼ੁਰੂ ਵਿੱਚ ਰਫ਼ਆ-ਯਦੈਨ ਕਰਦੇ,ਫੇਰ ਜਦੋਂ ਰੁਕੂਅ ਕਰਦੇ ਤਾਂ ਰਫ਼ਆ-ਯਦੈਨ ਕਰਦੇ ਅਤੇ ਰੁਕੂਅ 'ਚੋਂ ਸਿਰ ਚੁੱਕਦੇ ਸਮੇਂ ਰਫ਼ਆ-ਯਦੈਨ ਕਰਦੇ ਅਤੇ ਇਹ ਫ਼ਰਮਾਉਂਦੇ ਕਿ ਰਸੂਲੱਲਾਹ ਵੀ ਇਸੇ ਤਰ੍ਹਾਂ ਹੀ ﷺ ਕਰਿਆ ਕਰਦੇ ਸੀ।

(ਬੁਖ਼ਾਰੀ-737 ਅਤੇ ਮੁਸਲਿਮ-391)

ਨਮਾਜ ਏ ਨਬਵੀ

ਰਫ਼ਆ-ਯਦੈਨ

7. ਹਜ਼ਰਤ ਵਾਇਲ ਬਿਨ ਹਜਰ (ਰਜ਼ੀ.) ਫ਼ਰਮਾਉਂਦੇ ਹਨ: ਮੈਂ ਨਬੀ ਅਕਰਮ ﷺ ਨੂੰ ਦੇਖਿਆ,ਜਦੋਂ ਆਪ ਨਮਾਜ਼ ਸ਼ੁਰੂ ਕਰਦੇ ਤਾਂ ਅੱਲਾਹੂ ਅਕਬਰ ਕਹਿੰਦੇ ਅਤੇ ਆਪਣੇ ਦੋਵਾਂ ਹੱਥਾਂ ਨੂੰ ਚੁੱਕਦੇ। ਫਿਰ ਆਪਣੇ ਹੱਥ ਕੱਪੜੇ ਨਾਲ ਢੱਕ ਲੈਂਦੇ, ਫਿਰ ਸੱਜਾ ਹੱਥ ਖੱਬੇ ਹੱਥ 'ਤੇ ਰੱਖਦੇ। ਜਦੋਂ ਰੁਕੂਅ ਕਰਨ ਲੱਗਦੇ ਤਾਂ ਕੱਪੜਿਆਂ 'ਚੋਂ ਹੱਥ ਬਾਹਰ ਕੱਢਦੇ ਅੱਲਾਹੂ ਅਕਬਰ ਕਹਿੰਦੇ ਅਤੇ ਰਫ਼ਆ-ਯਦੈਨ ਕਰਦੇ, ਜਦੋਂ ਰੁਕੂਅ 'ਚੋਂ ਉੱਠਦੇ ਤਾਂ (ਸਮਿਅੱਲਾ ਹੁਲਿਮਨ ਹਮਿਦਹ) ਕਹਿੰਦੇ 'ਤੇ ਰਫ਼ਆ-ਯਦੈਨ ਕਰਦੇ।

(ਮੁਸਲਿਮ-401)

ਨਮਾਜ ਏ ਨਬਵੀ

ਰਫ਼ਆ-ਯਦੈਨ

ਹਜ਼ਰਤ ਵਾਇਲ ਬਿਨ ਹੁਜਰ (ਰਜ਼ੀ.) 9 ਹਿ: ਅਤੇ 10 ਹਿ: ਨੂੰ ਰਸੂਲੱਲਾਹ ﷺ ਕੋਲ ਆਏ।ਇਸ ਲਈ ਇੱਥੋਂ ਸਾਬਤ ਹੁੰਦਾ ਹੈ ਕਿ ਰਸੂਲੱਲਾਹ ﷺ 10 ਹਿਜਰੀ ਤੱਕ ਰਫ਼ਆ-ਯਦੈਨ ਕਰਦੇ ਸੀ, 11 ਹਿਜਰੀ ਨੂੰ ਨਬੀ ﷺ ਦੀ ਵਫ਼ਾਤ ਹੋ ਗਈ।ਇਸ ਕਰਕੇ ਇਸ (ਰਫ਼ਆ-ਯਦੈਨ) ਦੀ ਮਨਸੂਖ਼ੀ ਦੀ ਕੋਈ ਦਲੀਲ ਮੌਜੂਦ ਨਹੀਂ ਹੈ। ਆਪ ਆਖ਼ਰੀ ਉਮਰ ਤੱਕ ਰਫ਼ਆ-ਯਦੈਨ ਕਰਦੇ ਰਹੇ।

ਨਮਾਜ ਏ ਨਬਵੀ

ਰਫ਼ਆ-ਯਦੈਨ

8. ਹਜ਼ਰਤ ਅਬੂ ਹੁਮੈਦ ਅਸ ਸਾਇਦੀ (ਰਜ਼ੀ.) ਨੇ ਦਸ ਸਹਾਬਾ ਦੀ ਇੱਕ ਸਭਾ ਵਿੱਚ ਬਿਆਨ ਕੀਤਾ ਕਿ:ਜਦੋਂ ਰਸੂਲੱਲਾਹ ﷺ ਨਮਾਜ਼ ਸ਼ੁਰੂ ਕਰਦੇ ਅਤੇ ਜਦੋਂ ਰੁਕੂਅ ਵਿੱਚ ਜਾਂਦੇ,ਜਦੋਂ ਰੁਕੂਅ ਚੋਂ ਸਿਰ ਚੁੱਕਦੇ ਅਤੇ ਜਦੋਂ ਦੋ ਰੁਕਾਅਤਾਂ ਪੜ੍ਹਕੇ ਖੜ੍ਹੇ ਹੁੰਦੇ ਤਾਂ ਰਫ਼ਆ-ਯਦੈਨ ਕਰਦੇ ਸੀ। ਸਾਰੇ ਸਹਾਬਾ ਨੇ ਕਿਹਾ "ਤੁਸੀਂ ਸੱਚ ਬਿਆਨ ਕੀਤਾ ਹੈ ਰਸੂਲੱਲਾਹ ﷺ ਇੰਝ ਹੀ ਨਮਾਜ਼ ਪੜ੍ਹਦੇ ਸੀ।

(ਅਬੂਦਾਊਦ-730, ਤਿਰਮੀਜ਼ੀ-304, ਇਬਨੇ ਹਿੱਬਾਨ -5/182, ਇਸਨੂੰ ਤਿਰਮਿਜ਼ੀ ਨੇ ਹਸਨ ਸਹੀ ਕਿਹਾ ਹੈ)

ਨਮਾਜ ਏ ਨਬਵੀ

ਰਫ਼ਆ-ਯਦੈਨ

ਇਮਾਮ ਇਬਨੇ ਖ਼ੁਜੈਮਾ (ਰਹਿ) ਇਸ ਹਦੀਸ ਨੂੰ ਰਵਾਇਤ ਕਰਨ ਤੋਂ ਬਾਦ ਫ਼ਰਮਾਉਂਦੇ ਹਨ ਕਿ ਮੈਂ ਮੁਹੰਮਦ ਬਿਨ ਯਹਯਾ ਨੂੰ ਇਹ ਕਹਿੰਦੇ ਹੋਏ ਸੁਣਿਆ ਹੈ ਕਿ ਜਿਹੜਾ ਵਿਅਕਤੀ ਅਬੂ ਹੁਮੈਦ ਦੀ ਹਦੀਸ ਸੁਣਨ ਤੋਂ ਬਾਦ ਵੀ ਰੁਕੂਅ 'ਚ ਜਾਂਦੇ ਅਤੇ ਉੱਥੋਂ ਸਿਰ ਚੁੱਕਦੇ ਸਮੇਂ ਰਫ਼ਆ-ਯਦੈਨ ਨਹੀਂ ਕਰਦਾ ਤਾਂ ਉਸਦੀ ਨਮਾਜ਼ ਨਾਕਿਸ ਹੋਵੇਗੀ।

(ਸਹੀ ਇਬਨੇ ਖ਼ੁਜੈਮਾ-1/298,588)

ਨਮਾਜ ਏ ਨਬਵੀ

ਰਫ਼ਆ-ਯਦੈਨ

9. ਹਜ਼ਰਤ ਅਬੂ ਮੂਸਾ ਅਸ਼ਅਰੀ (ਰਜ਼ੀ.) ਨੇ (ਇੱਕ ਦਿਨ ਲੋਕਾਂ ਨੂੰ) ਫ਼ਰਮਾਇਆ ਕਿ "ਕੀ ਮੈਂ ਤੁਹਾਨੂੰ ਰਸੂਲੱਲਾਹ ﷺ ਦੀ ਨਮਾਜ਼ ਨਾ ਦੱਸਾਂ? ਇਹ ਕਹਿੰਦੇ ਹੋਏ ਉਹਨਾਂ ਨੇ ਨਮਾਜ਼ ਪੜ੍ਹੀ ਜਦੋਂ ਤਕਬੀਰ-ਏ-ਤਹਿਰੀਮਾ ਕਹੀ ਤਾਂ ਰਫ਼ਆ-ਯਦੈਨ ਕੀਤਾ,ਫਿਰ ਜਦੋਂ ਰੁਕੂਅ ਕੀਤਾ ਤਾਂ ਰਫ਼ਆ-ਯਦੈਨ ਕੀਤਾ ਅਤੇ ਤਕਬੀਰ ਕਹੀ ਅਤੇ ਰੁਕੂਅ 'ਚੋਂ ਸਿਰ ਚੁੱਕਿਆ ਫੇਰ (ਸਮਿਅੱਲਾ ਹੁਲਿਮਨ ਹਮਿਦਹ) ਕਹਿਕੇ ਦੋਵੇਂ ਹੱਥ (ਮੋਢਿਆਂ ਤੱਕ) ਚੁੱਕੇ। ਫਿਰ ਫ਼ਰਮਾਇਆ: "ਇਸੇ ਤਰ੍ਹਾਂ ਕਰਿਆ ਕਰੋ।"

ਦਾਰ ਕੁਤਨੀ-1/292,ਹਾਫ਼ਿਜ਼ ਇਬਨੇ ਹਜਰ ਨੇ ਕਿਹਾ ਕਿ ਇਸ ਦੇ ਰਾਵੀ ਸ਼ਿਕਾ ਹਨ। ਅਲਤਲਖ਼ੀਸ-1/219}

ਨਮਾਜ ਏ ਨਬਵੀ

ਰਫ਼ਆ-ਯਦੈਨ

10. ਹਜ਼ਰਤ ਅਬੂ ਹੁਰੈਰਾ (ਰਜ਼ੀ.) ਫ਼ਰਮਾਉਂਦੇ ਹਨ ਕਿ ਰਸੂਲੱਲਾਹ ﷺ ਨਮਾਜ਼ ਦੇ ਸ਼ੁਰੂ ਵਿੱਚ ਰੁਕੂਅ ਤੋਂ ਪਹਿਲਾਂ ਤੇ ਬਾਦ ਆਪਣੇ ਦੋਵੇਂ ਹੱਥ (ਮੋਢਿਆਂ ਤੱਕ) ਚੁੱਕਿਆ ਕਰਦੇ ਸੀ।

(ਇਬਨੇ ਮਾਜਾ-860,ਇਸਨੂੰ ਇਮਾਮ ਖ਼ੁਜੈਮਾ ਨੇ-1/344 ਹਦੀਸ-694 ਨੇ ਸਹੀ ਕਿਹਾ ਹੈ)

ਨਮਾਜ ਏ ਨਬਵੀ

ਰਫ਼ਆ-ਯਦੈਨ

11. ਹਜ਼ਰਤ ਜਾਬਿਰ ਬਿਨ ਅਬਦੁੱਲਾਹ (ਰਜ਼ੀ.) ਜਦੋਂ ਨਮਾਜ਼ ਸ਼ੁਰੂ ਕਰਦੇ ਅਤੇ ਜਦੋਂ ਰੁਕੂਅ ਕਰਦੇ 'ਤੇ ਰੁਕੂਅ 'ਚੋਂ ਸਿਰ ਚੁੱਕਦੇ ਤਾਂ ਰਫ਼ਆ-ਯਦੈਨ ਕਰਦੇ ਅਤੇ ਫ਼ਰਮਾਉਂਦੇ ਕਿ ਰਸੂਲੱਲਾਹ ﷺ ਵੀ ਇਸੇ ਤਰ੍ਹਾਂ ਹੀ ਕਰਿਆ ਕਰਦੇ ਸੀ।

(ਮੁਸਨਦ ਅਲ ਸਿਰਾਜ,ਇਬਨੇ ਮਾਜਾ-868,ਇਬਨੇ ਹਜਰ ਨੇ ਕਿਹਾ ਹੈ ਕਿ ਇਸਦੇ ਰਾਵੀ ਸ਼ਿਕਾ ਹਨ)

ਨਮਾਜ ਏ ਨਬਵੀ

ਜਲਸਾ-ਏ-ਇਸਤਰਾਹਤ

1. ਰਸੂਲੱਲਾਹ ਸ: (ਅੱਲਾਹੂ ਅਕਬਰ) ਕਹਿੰਦੇ ਹੋਏ (ਦੂਸਰੇ ਸਿਜਦੇ) ਤੋਂ ਉੱਠਦੇ ਅਤੇ ਆਪਣਾ ਖੱਬਾ ਪੈਰ ਮੋੜਦੇ ਹੋਏ (ਵਿਛਾਉਂਦੇ ਅਤੇ) ਉਸ 'ਤੇ ਬੈਠਦੇ ਇੰਨੀ ਦੇਰ ਤੱਕ ਕਿ ਹਰ ਹੱਡੀ ਆਪਣੀ ਥਾਂ 'ਤੇ ਆ ਜਾਂਦੀ। ਫੇਰ (ਦੂਸਰੀ ਰਕਾਅਤ ਦੇ ਲਈ) ਖੜ੍ਹੇ ਹੁੰਦੇ। (ਅਬੂਦਾਊਦ-730,ਤਿਰਮਿਜ਼ੀ-304 ਅਤੇ ਇਬਨੇ ਮਾਜਾ-1061)

ਨਮਾਜ ਏ ਨਬਵੀ

ਜਲਸਾ-ਏ-ਇਸਤਰਾਹਤ

2. ਰਸੂਲੱਲਾਹ ﷺ ਆਪਣੀ ਨਮਾਜ਼ ਦੀ ਟਾਂਕ (ਪਹਿਲੀ ਅਤੇ ਤੀਸਰੀ) ਰੁਕਾਅਤ ਦੇ ਬਾਦ ਖੜ੍ਹੇ ਹੋਣ ਤੋਂ ਪਹਿਲਾਂ ਸਿੱਧੇ ਬੈਠਦੇ ਸਨ।

(ਬੁਖ਼ਾਰੀ-823)

ਰਸੁਲੱਲਾਹ ﷺ ਜਦੋਂ ਦੂਸਰੇ ਸਿਜਦੇ 'ਚੋਂ ਉੱਠਦੇ ਤਾਂ ਪਹਿਲਾਂ ਬੈਠਦੇ ਫਿਰ ਉੱਠਦੇ ਸਮੇਂ ਦੋਵੇਂ ਹੱਥਾਂ ਨੂੰ ਜ਼ਮੀਨ 'ਤੇ ਟੇਕ ਲਗਾ ਕੇ ਉੱਠਦੇ।

(ਬੁਖ਼ਾਰੀ-824)

ਨਮਾਜ ਏ ਨਬਵੀ

(ਸ਼ਹਾਦਤ) ਦੀ ਉਂਗਲ ਨੂੰ ਹਿਲਾਉਣਾ

1. ਹਜ਼ਰਤ ਇਬਨੇ ਉਮਰ (ਰਜ਼ੀ.) ਰਵਾਇਤ ਕਰਦੇ ਹਨ ਕਿ ਰਸੂਲੱਲਾਹ ﷺ ਜਦੋਂ ਨਮਾਜ਼ (ਦੇ ਕਾਅਦਾ) ਵਿੱਚ ਬੈਠਦੇ ਤਾਂ ਆਪਣੇ ਦੋਵੇਂ ਹੱਥ ਆਪਣੇ ਦੋਵੇਂ ਗੋਡਿਆਂ 'ਤੇ ਰੱਖਦੇ ਅਤੇ ਸੱਜੇ ਹੱਥ ਦੀਆਂ ਸਾਰੀਆਂ ਉਂਗਲਾਂ ਬੰਦ ਕਰ ਲੈਂਦੇ ਅਤੇ ਆਪਣੀ ਸੱਜੀ ਉਂਗਲ ਜਿਹੜੀ ਅੰਗੂਠੇ ਦੇ ਨੇੜੇ ਹੈ ਚੁੱਕ ਲੈਂਦੇ,ਫਿਰ ਇਸਦੇ ਨਾਲ ਦੁਆ ਮੰਗਦੇ ਅਤੇ ਖੱਬਾ ਹੱਥ ਖੱਬੇ ਗੋਡੇ 'ਤੇ ਵਿਛਾ ਲੈਂਦੇ

(ਮੁਸਲਿਮ-580)

ਨਮਾਜ ਏ ਨਬਵੀ

(ਸ਼ਹਾਦਤ) ਦੀ ਉਂਗਲ ਨੂੰ ਹਿਲਾਉਣਾ

2. ਹਜ਼ਰਤ ਅਬਦੁੱਲਾਹ ਬਿਨ ਜ਼ੁਬੈਰ (ਰਜ਼ੀ.) ਰਵਾਇਤ ਕਰਦੇ ਹਨ ਕਿ ਰਸੂਲੱਲਾਹ ﷺ ਜਦੋਂ (ਨਮਾਜ਼ ਵਿੱਚ) ਤਸ਼ਾਹਦ ਪੜ੍ਹਨ ਬੈਠਦੇ ਤਾਂ ਆਪਣਾ ਸੱਜਾ ਹੱਥ ਸੱਜੇ ਅਤੇ ਖੱਬਾ ਹੱਥ ਖੱਬੇ ਪੱਟ 'ਤੇ ਰੱਖਦੇ ਅਤੇ ਸ਼ਹਾਦਤ ਦੀ ਉਂਗਲ ਦੇ ਨਾਲ ਇਸ਼ਾਰਾ ਕਰਦੇ ਅਤੇ ਆਪਣਾ ਅੰਗੂਠਾ ਆਪਣੀ ਵਿਚਕਾਰਲੀ ਉਂਗਲ 'ਤੇ ਰੱਖਦੇ। ਇੱਕ ਰਵਾਇਤ ਵਿੱਚ ਹੈ ਕਿ ਖੱਬਾ ਹੱਥ ਖੱਬੇ ਗੋਡੇ 'ਤੇ ਅਤੇ ਸੱਜਾ ਹੱਥ ਸੱਜੇ ਪੱਟ 'ਤੇ ਰੱਖਦੇ। (ਮੁਸਲਿਮ-579)

ਨਮਾਜ ਏ ਨਬਵੀ

(ਸ਼ਹਾਦਤ) ਦੀ ਉਂਗਲ ਨੂੰ ਹਿਲਾਉਣਾ

3. ਹਜ਼ਰਤ ਵਾਇਲ ਬਿਨ ਹੁਜਰ (ਰਜ਼ੀ.) ਰਵਾਇਤ ਕਰਦੇ ਹਨ ਕਿ ਰਸੂਲੱਲਾਹ ﷺ

ਦੂਸਰੇ ਸਿਜਦੇ 'ਚੋਂ ਉੱਠ ਕੇ ਕਾਅਦਾ ਵਿੱਚ ਬੈਠੇ,ਦੋ ਉਂਗਲਾਂ ਨੂੰ ਬੰਦ ਕੀਤਾ, ਅੰਗੂਠੇ ਅਤੇ ਵਿਚਕਾਰਲੀ ਵੱਡੀ ਉਂਗਲ ਨਾਲ ਹਲਕਾ ਬਣਾਇਆ ਅਤੇ ਸਬਾਬਾ ਦੀ ਉਂਗਲ (ਕਲਮੇ ਦੀ ਉਂਗਲ) ਨਾਲ ਇਸ਼ਾਰਾ ਕੀਤਾ।

ਅਬੂ ਦਾਊਦ-726,ਇਸਨੂੰ ਇਮਾਮ ਇਬਨੇ ਹਿੱਬਾਨ-485 ਅਤੇ(ਇਬਨੇ ਖੁਜੈਮਾ-713,714 ਨੇ ਸਹੀ ਕਿਹਾ ਹੈ।

ਨਮਾਜ ਏ ਨਬਵੀ

(ਸ਼ਹਾਦਤ) ਦੀ ਉਂਗਲ ਨੂੰ ਹਿਲਾਉਣਾ

ਹਜ਼ਰਤ ਵਾਇਲ ਬਿਨ ਹੁਜਰ (ਰਜ਼ੀ,) ਫ਼ਰਮਾਉਂਦੇ ਹਨ ਕਿ ਰਸੂਲਲਾਹ ﷺ ਉਂਗਲ ਚੁੱਕ ਕੇ ਉਸ ਨੂੰ ਹਿਲਾਉਂਦੇ ਸਨ। (ਨਿਸਾਈ-889,ਇਸਨੂੰ ਇਬਨੇ ਹਿੱਬਾਨ -485 ਅਤੇ ਇਬਨੇ ਖੁਜੈਮਾ -714 ਨੇ ਸਹੀ ਕਿਹਾ ਹੈ)

ਨਮਾਜ ਏ ਨਬਵੀ

(ਸ਼ਹਾਦਤ) ਦੀ ਉਂਗਲ ਨੂੰ ਹਿਲਾਉਣਾ

ਹਜ਼ਰਤ ਵਾਇਲ ਬਿਨ ਹੁਜਰ (ਰਜ਼ੀ,) ਫ਼ਰਮਾਉਂਦੇ ਹਨ ਕਿ ਰਸੂਲਲਾਹ ﷺ ਉਂਗਲ ਚੁੱਕ ਕੇ ਉਸ ਨੂੰ ਹਿਲਾਉਂਦੇ ਸਨ।

(ਨਿਸਾਈ-889,ਇਸਨੂੰ ਇਬਨੇ ਹਿੱਬਾਨ -485 ਅਤੇ ਇਬਨੇ ਖੁਜੈਮਾ -714 ਨੇ ਸਹੀ ਕਿਹਾ ਹੈ)

ਕੇਵਲ (ਲਾ ਇਲਾਹਾ ਇੱਲ-ਲੱਲਾਹ) ਕਹਿਣ 'ਤੇ ਉਂਗਲ ਚੁੱਕਣਾ ਅਤੇ ਕਹਿਣ ਤੋਂ ਬਾਦ ਰੱਖ ਦੇਣਾ ਕਿਸੇ ਰਵਾਇਤ ਤੋਂ ਸਾਬਤ ਨਹੀਂ ਹੈ।

ਨਮਾਜ ਏ ਨਬਵੀ

ਤਵੱਰੁਕ

ਆਖ਼ਰੀ ਕਾਅਦੇ ਵਿੱਚ ਰਸੂਲੱਲਾਹ ﷺ ਇੰਝ ਬੈਠਦੇ ਜਿਵੇਂ ਕਿ ਹਜ਼ਰਤ ਅਬੂ ਹੁਮੈਦ ਸਾਇਦੀ (ਰਜ਼ੀ.) ਬਿਆਨ ਕਰਦੇ ਹਨ ਕਿ ਜਦੋਂ ਉਹ ਸਿਜਦਾ ਆਉਂਦਾ ਜਿਸ ਤੋਂ ਬਾਦ ਸਲਾਮ ਹੈ ਤਾਂ ਆਪਣਾ ਖੱਬਾ ਪੈਰ (ਸੱਜੀ ਪਿੰਡਲੀ ਦੇ ਹੇਠਾਂ ਤੋਂ ਬਾਹਰ) ਕੱਢਦੇ ਅਤੇ ਸੱਜੇ ਪੈਰ ਨੂੰ ਖੜ੍ਹਾ ਕਰਕੇ ਰੱਖਦੇ ਅਤੇ ਆਪਣੇ ਖੱਬੇ ਭਾਰ ਬੈਠਦੇ।ਫਿਰ (ਤਸ਼ਾਹੁਦ ਪੜ੍ਹਕੇ) ਸਲਾਮ ਫੇਰਦੇ

(ਬੁਖ਼ਾਰੀ-828 ਅਤੇ ਅਬੂ ਦਾਊਦ-730)

ਖੱਬੇ ਪਾਸੇ ਕੂਲ੍ਹੋ ਤੇ ਬੈਠਣ ਨੂੰ ਤਵੱਰੁਕ ਕਹਿੰਦੇ ਹਨ। ਇਹ ਸੁੰਨਤ ਹੈ। ਹਰ ਮੁਸਲਮਾਨ ਨੂੰ ਆਖ਼ਰੀ ਕਾਅਦੇ ਵਿੱਚ ਤਵੱਰੁਕ ਜ਼ਰੂਰ ਕਰਨਾ ਚਾਹੀਦਾ ਹੈ।

ਨਮਾਜ ਏ ਨਬਵੀ

ਤਵੱਰੁਕ

ਆਖ਼ਰੀ ਕਾਅਦੇ ਵਿੱਚ ਰਸੂਲੱਲਾਹ ﷺ ਇੰਝ ਬੈਠਦੇ ਜਿਵੇਂ ਕਿ ਹਜ਼ਰਤ ਅਬੂ ਹੁਮੈਦ ਸਾਇਦੀ (ਰਜ਼ੀ.) ਬਿਆਨ ਕਰਦੇ ਹਨ ਕਿ ਜਦੋਂ ਉਹ ਸਿਜਦਾ ਆਉਂਦਾ ਜਿਸ ਤੋਂ ਬਾਦ ਸਲਾਮ ਹੈ ਤਾਂ ਆਪਣਾ ਖੱਬਾ ਪੈਰ (ਸੱਜੀ ਪਿੰਡਲੀ ਦੇ ਹੇਠਾਂ ਤੋਂ ਬਾਹਰ) ਕੱਢਦੇ ਅਤੇ ਸੱਜੇ ਪੈਰ ਨੂੰ ਖੜ੍ਹਾ ਕਰਕੇ ਰੱਖਦੇ ਅਤੇ ਆਪਣੇ ਖੱਬੇ ਭਾਰ ਬੈਠਦੇ।ਫਿਰ (ਤਸ਼ਾਹੁਦ ਪੜ੍ਹਕੇ) ਸਲਾਮ ਫੇਰਦੇ

(ਬੁਖ਼ਾਰੀ-828 ਅਤੇ ਅਬੂ ਦਾਊਦ-730)

ਖੱਬੇ ਪਾਸੇ ਕੂਲ੍ਹੋ ਤੇ ਬੈਠਣ ਨੂੰ ਤਵੱਰੁਕ ਕਹਿੰਦੇ ਹਨ। ਇਹ ਸੁੰਨਤ ਹੈ। ਹਰ ਮੁਸਲਮਾਨ ਨੂੰ ਆਖ਼ਰੀ ਕਾਅਦੇ ਵਿੱਚ ਤਵੱਰੁਕ ਜ਼ਰੂਰ ਕਰਨਾ ਚਾਹੀਦਾ ਹੈ।